# KNOW YOUR RIGHTS:

# ਆਪਣੇ ਅਧਿਕਾਰਾਂ ਨੂੰ ਜਾਣੋ

# MOVE-OUT ORDERS and ORDERS TO PAY RENT

# ਮੂਵ-ਆਊਟ ਆਰਡਰ ਅਤੇ ਕਿਰਾਏ ਦਾ ਭੁਗਤਾਨ ਕਰਨ ਦੇ ਆਦੇਸ਼

## What is a move-out order?

## ਮੂਵ-ਆਊਟ ਆਰਡਰ ਕੀ ਹੈ?

- A move-out order requires the person who is being abusive to move out of a shared home.[1] In domestic violence restraining orders a court can grant a move-out order as part of a temporary restraining order ("TRO") and as part of a long-term order, known as a Restraining Order After Hearing.
- ਇੱਕ ਮੂਵ-ਆਊਟ ਆਰਡਰ ਲਈ ਉਸ ਵਿਅਕਤੀ ਨੂੰ ਇੱਕ ਸਾਂਝੇ ਘਰ ਤੋਂ ਬਾਹਰ ਜਾਣ ਦੀ ਲੋੜ ਹੁੰਦੀ ਹੈ ਜੋ ਦੁਰਵਿਵਹਾਰ ਕਰ ਰਿਹਾ ਹੈ। ਘਰੇਲੂ ਹਿੰਸਾ 'ਤੇ ਰੋਕ ਲਗਾਉਣ ਦੇ ਆਦੇਸ਼ਾਂ ਵਿੱਚ ਅਦਾਲਤ ਇੱਕ ਮੂਵ-ਆਊਟ ਆਰਡਰ ਦੇ ਸਕਦਾ ਹੈ, ਇੱਕ ਅਸਥਾਈ ਰੋਕ ਦੇ ਆਦੇਸ਼ ਟੀ.ਆਰ.ਓ (ਨੂੰ) ਦੇ ਹਿੱਸੇ ਵਜੋਂ ਅਤੇ ਇੱਕ ਲੰਬੇ ਸਮੇਂ ਦੇ ਆਦੇਸ਼ ਦੇ ਹਿੱਸੇ ਵਜੋਂ, ਜਿਸਨੂੰ ਸੁਣਵਾਈ ਤੋਂ ਬਾਅਦ ਇੱਕ ਰੋਕ ਲਗਾਉਣ ਦੇ ਆਦੇਸ਼ ਵਜੋਂ ਜਾਣਿਆ ਜਾਂਦਾ ਹੈ।

## How do I ask for a move-out order as part of my temporary restraining order?

## ਮੈਂ ਆਪਣੇ ਅਸਥਾਈ ਰੋਕ ਦੇ ਆਦੇਸ਼ ਦੇ ਹਿੱਸੇ ਵਜੋਂ ਮੂਵ-ਆਊਟ ਆਰਡਰ ਦੀ ਮੰਗ ਕਿਵੇਂ ਕਰਾਂ?

- To ask the court for a move-out order with your temporary restraining order, you need to fill out Item 13 "Order to Move Out" on a form called "DV-100" (see image below). Click here for a fillable DV-100 form or use the URL located in the footnote.[2] To request a move-out order, you must provide your address and check the box or boxes that describe your housing situation. If none of



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence
ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ

the boxes describe your housing situation, you can check the box for “Other” and then write in what your housing situation is.

- ਆਪਣੇ ਅਸਥਾਈ ਰੋਕ ਦੇ ਆਦੇਸ਼ ਦੇ ਨਾਲ ਮੂਵ-ਆਊਟ ਆਰਡਰ ਵਾਸਤੇ ਅਦਾਲਤ ਨੂੰ ਪੁੱਛਣ ਲਈ, ਤੁਹਾਨੂੰ" ਡੀ.ਵੀ-100" ਨਾਮਕ ਇੱਕ ਫਾਰਮ 'ਤੇ ਆਈਟਮ 13 "ਆਰਡਰ ਟੂ ਮੂਵ ਆਊਟ" ਨੂੰ ਭਰਨ ਦੀ ਲੋੜ ਹੈ (ਹੇਠਾਂ ਚਿੱਤਰ ਦੇਖੋ)। ਭਰਨ ਯੋਗ ਡੀ.ਵੀ-100 ਫਾਰਮ ਲਈ ਇੱਥੇ ਕਲਿੱਕ ਕਰੋ ਜਾਂ ਫੁਟਨੋਟ ਵਿੱਚ ਸਥਿਤ “ਯੂ ਆਰ ਐਲ” ਦੀ ਵਰਤੋਂ ਕਰੋ। ਮੂਵ-ਆਊਟ ਆਰਡਰ ਦੀ ਬੇਨਤੀ / ਦਰਖਾਸਤ ਕਰਨ ਲਈ, ਤੁਹਾਨੂੰ ਆਪਣਾ ਪਤਾ ਪ੍ਰਦਾਨ ਕਰਨਾ ਪਵੇਗਾ ਅਤੇ ਆਪਣੀ ਰਿਹਾਇਸ਼ ਦੀ ਸਥਿਤੀ ਦਾ ਵਰਣਨ ਕਰਨ ਵਾਲੇ ਬਕਸੇ ਜਾਂ ਬਕਸੇਆਂ ਤੇ ਸਹੀ ਦਾ ਨਿਸ਼ਾਨ ਲਗਾਉ। ਜੇਕਰ ਕੋਈ ਵੀ ਬਕਸਾ ਤੁਹਾਡੀ ਰਿਹਾਇਸ਼ ਦੀ ਸਥਿਤੀ ਦਾ ਵਰਣਨ ਨਹੀਂ ਕਰਦਾ ਹੈ, ਤਾਂ ਤੁਸੀਂ "ਹੋਰ" ਬਾਕਸ ਨੂੰ ਚੈੱਕ (ਬਾਕਸ ਤੇ ਸਹੀ ਦਾ ਨਿਸ਼ਾਨ ਲਗਾ ) ਕਰ ਸਕਦੇ ਹੋ ਅਤੇ ਫਿਰ ਲਿਖ ਸਕਦੇ ਹੋ ਕਿ ਤੁਹਾਡੀ ਰਿਹਾਇਸ਼ ਦੀ ਕੀ ਸਥਿਤੀ ਹੈ।

(13) ☐ **Order to Move Out**

a. I ask the judge to order the person in (2) to move out of the home, located at:

*(Give address)*: ______

b. I have a right to live at this address because:

☑ *Check all that apply*

☐ I own the home. ☐ I have lived at this address for ___ years, ___ months.

☐ My name is on the lease. ☐ I pay for some or all the rent or mortgage.

☐ I live at this address with my child(ren). ☐ Other *(please explain)*: ______

---

## What do I have to show to get a move-out order as part of my temporary restraining order?

## ਮੇਰੇ ਅਸਥਾਈ ਰੋਕ ਦੇ ਆਦੇਸ਼ ਦੇ ਹਿੱਸੇ ਵਜੋਂ ਮੂਵ-ਆਊਟ ਆਰਡਰ ਪ੍ਰਾਪਤ ਕਰਨ ਲਈ ਮੈਨੂੰ ਕੀ ਦਿਖਾਉਣਾ ਹੋਵੇਗਾ?



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence

ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ

- To get a move-out order you must show the court:
- ਮੂਵ-ਆਊਟ ਆਰਡਰ ਪ੍ਰਾਪਤ ਕਰਨ ਲਈ ਤੁਹਾਨੂੰ ਅਦਾਲਤ ਨੂੰ ਦਿਖਾਉਣਾ ਚਾਹੀਦਾ ਹੈ:

(1) you have a "right under color of the law" to live in the home (explained below),

(1) ਤੁਹਾਡੇ ਕੋਲ ਘਰ ਵਿੱਚ ਰਹਿਣ ਦਾ "ਕਾਨੂੰਨ ਦੇ ਰੰਗ ਦੇ ਅਧੀਨ" ਅਧਿਕਾਰ ਹੈ (ਹੇਠਾਂ ਦੱਸਿਆ ਗਿਆ ਹੈ),

(2) the abuser has assaulted or threatened to assault you, your child, or dependent adult; and

(2) ਦੁਰਵਿਵਹਾਰ ਕਰਨ ਵਾਲੇ ਨੇ ਤੁਹਾਡੇ, ਤੁਹਾਡੇ ਬੱਚੇ, ਜਾਂ ਨਿਰਭਰ ਬਾਲਗ 'ਤੇ ਹਮਲਾ ਕੀਤਾ ਹੈ ਜਾਂ ਹਮਲਾ ਕਰਨ ਦੀ ਧਮਕੀ ਦਿੱਤੀ ਹੈ; ਅਤੇ

(3) you, your child, or a dependent adult will be physically or emotionally harmed if the abuser continues to live in the home.[3]

(3) ਜੇਕਰ ਦੁਰਵਿਵਹਾਰ ਕਰਨ ਵਾਲਾ ਘਰ ਵਿੱਚ ਰਹਿੰਦਾ ਹੈ ਤਾਂ ਤੁਹਾਨੂੰ, ਤੁਹਾਡੇ ਬੱਚੇ, ਜਾਂ ਨਿਰਭਰ ਬਾਲਗ ਨੂੰ ਸਰੀਰਕ ਜਾਂ ਭਾਵਨਾਤਮਕ ਤੌਰ 'ਤੇ ਨੁਕਸਾਨ ਪਹੁੰਚਾਇਆ ਜਾਵੇਗਾ।

## Can I get a move-out order if my name is not on the lease or deed, or if I don't pay rent?

## ਜੇ ਮੇਰਾ ਨਾਮ ਲੀਜ਼ ਜਾਂ ਡੀਡ 'ਤੇ ਨਹੀਂ ਹੈ, ਜਾਂ ਮੈਂ ਕਿਰਾਏ ਦਾ ਭੁਗਤਾਨ ਨਹੀਂ ਕਰਦਾ/ ਕਰਦੀ ਹਾਂ ਤਾਂ ਕੀ ਮੈਨੂੰ ਮੂਵ ਆਊਟ ਆਰਡਰ ਮਿਲ ਸਕਦਾ ਹੈ?

- Yes. If you have a "right under color of the law" to live in the home, the court may grant a move-out order even if your name is not on the lease or property title.[4]
- ਹਾਂ। ਜੇਕਰ ਤੁਹਾਡੇ ਕੋਲ ਘਰ ਵਿੱਚ ਰਹਿਣ ਦਾ "ਕਾਨੂੰਨ ਦੇ ਰੰਗ ਦੇ ਅਧੀਨ ਅਧਿਕਾਰ" ਹੈ, ਤਾਂ ਅਦਾਲਤ ਇੱਕ ਮੂਵ-ਆਊਟ ਆਰਡਰ ਦੇ ਸਕਦੀ ਹੈ ਭਾਵੇਂ ਤੁਹਾਡਾ ਨਾਮ ਲੀਜ਼ ਜਾਂ ਜਾਇਦਾਦ ਦੇ ਸਿਰਲੇਖ 'ਤੇ ਨਾ ਹੋਵੇ।

- "Right under color of the law" to use the home can mean different things. Here are some examples:



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence

ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ

- "ਕਾਨੂੰਨ ਦੇ ਰੰਗ ਦੇ ਅਧੀਨ"  ਘਰ ਦੀ ਵਰਤੋਂ ਕਰਨ  ਦਾ ਮਤਲਬ ਵੱਖ-ਵੱਖ ਚੀਜ਼ਾਂ ਹੋ ਸਕਦਾ ਹੈ। ਇੱਥੇ ਕੁਝ ਉਦਾਹਰਣਾਂ ਹਨ:
    - Someone who is not on the lease may have a “right under the color of the law” because they live on the property and pay part of the rent.
    - ਕੋਈ ਵੀ ਵਿਅਕਤੀ ਜੋ ਲੀਜ਼ 'ਤੇ ਨਹੀਂ ਹੈ, ਉਸ ਕੋਲ "ਕਾਨੂੰਨ ਦੇ ਰੰਗ ਦੇ ਅਧੀਨ ‘‘ਅਧਿਕਾਰ ਹੋ ਸਕਦਾ ਹੈ ਕਿਉਂਕਿ ਉਹ  ਉਸ ਘਰ/ਸਥਾਨ 'ਤੇ ਰਹਿੰਦੇ ਹਨ ਅਤੇ ਕਿਰਾਏ ਦਾ ਕੁਝ ਹਿੱਸਾ ਅਦਾ ਕਰਦੇ ਹਨ।
    - Someone who is not listed on the property deed may have a “right under the color of the law” because they pay a portion of the mortgage or property taxes.
    - ਕੋਈ ਵੀ ਵਿਅਕਤੀ ਜੋ ਪ੍ਰਾਪਰਟੀ ਡੀਡ 'ਤੇ ਸੂਚੀਬੱਧ ਨਹੀਂ ਹੈ, ਉਸ ਕੋਲ "ਕਾਨੂੰਨ ਦੇ ਰੰਗ ਦੇ ਅਧੀਨ‘‘ ਅਧਿਕਾਰ ਹੋ ਸਕਦਾ ਹੈ ਕਿਉਂਕਿ ਉਹ ਮੌਰਗੇਜ ਜਾਂ ਪ੍ਰਾਪਰਟੀ ਟੈਕਸ ਦਾ ਕੁਝ ਹਿੱਸਾ ਅਦਾ ਕਰਦੇ ਹਨ।
    - Someone may have a “right under the color of the law” if they give to the household in ways other than paying the rent or mortgage, like cleaning or buying food for the household.
    - ਕਿਸੇ ਵਿਅਕਤੀ ਕੋਲ "ਕਾਨੂੰਨ ਦੇ ਰੰਗ ਦੇ ਅਧੀਨ’’ ਅਧਿਕਾਰ ਹੋ ਸਕਦਾ ਹੈ ਜੇਕਰ ਉਹ ਘਰ ਨੂੰ ਕਿਰਾਏ ਜਾਂ ਮੌਰਗੇਜ /ਗਿਰਵੀਨਾਮੇ ਦਾ ਭੁਗਤਾਨ ਕਰਨ ਤੋਂ ਇਲਾਵਾ ਹੋਰ ਤਰੀਕਿਆਂ ਨਾਲ ਸਹਾਇਤਾ ਦਿੰਦੇ ਹਨ, ਜਿਵੇਂ ਕਿ ਸਫਾਈ ਕਰਨਾ ਜਾਂ ਘਰ ਲਈ ਭੋਜਨ ਖਰੀਦਣਾ

## <u>How can I show that I have a “right under color of law” to live in the home?</u>

## <u>ਮੈਂ ਕਿਵੇਂ ਦਿਖਾ ਸਕਦਾ ਹਾਂ ਕਿ ਮੇਰੇ ਕੋਲ ਘਰ ਵਿੱਚ ਰਹਿਣ ਦਾ "ਕਾਨੂੰਨ ਦੇ ਰੰਗ " ਦੇ ਅਧੀਨ ਅਧਿਕਾਰ" ਹੈ?</u>

- Give the court any proof of your right to live in the home. Attach this proof to your TRO request and explain your housing situation to the judge in court.
- ਅਦਾਲਤ ਨੂੰ ਘਰ ਵਿੱਚ ਰਹਿਣ ਦੇ  ਅਧਿਕਾਰ ਦਾ ਕੋਈ ਸਬੂਤ ਦਿਓ। ਇਸ ਸਬੂਤ ਨੂੰ ਆਪਣੀ ਟੀ.ਆਰ.ਓ ਬੇਨਤੀ ਨਾਲ ਨੱਥੀ ਕਰੋ ਅਤੇ ਅਦਾਲਤ ਵਿੱਚ ਜੱਜ ਨੂੰ ਆਪਣੀ ਰਿਹਾਇਸ਼ ਦੀ ਸਥਿਤੀ ਬਾਰੇ ਦੱਸੋ।
    - Proof of your right to live on the property may include rent receipts, screenshots of online rent money transfers, utility bills in your name, or mail addressed to you.
    - ਘਰ ਵਿੱਚ ਰਹਿਣ ਦੇ  ਅਧਿਕਾਰ ਦੇ ਸਬੂਤ ਵਿੱਚ ਕਿਰਾਏ ਦੀਆਂ ਰਸੀਦਾਂ, ਔਨਲਾਈਨ ਕਿਰਾਏ ਦੇ ਪੈਸੇ ਟ੍ਰਾਂਸਫਰ ਦੇ ਸਕਰੀਨਸ਼ਾਟ, ਤੁਹਾਡੇ ਨਾਮ ਦੇ ਉਪਯੋਗਤਾ ਬਿੱਲ, ਜਾਂ ਤੁਹਾਨੂੰ ਭੇਜੀ ਗਈ ਮੇਲ ਸ਼ਾਮਲ ਹੋ ਸਕਦੀ ਹੈ।



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence
ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ

- Only the judge can decide if you have a right to use the home.
- ਸਿਰਫ਼ ਜੱਜ ਹੀ ਇਹ ਫ਼ੈਸਲਾ ਕਰ ਸਕਦਾ ਹੈ ਕਿ ਕੀ ਤੁਹਾਨੂੰ ਘਰ ਵਰਤਣ ਦਾ ਅਧਿਕਾਰ ਹੈ।

## How do I show that I or my children will be physically or emotionally harmed without a move-out order?

## ਮੈਂ ਇਹ ਕਿਵੇਂ ਦਿਖਾ ਸਕਦਾ ਹਾਂ ਕਿ ਮੈਨੂੰ ਜਾਂ ਮੇਰੇ ਬੱਚਿਆਂ ਨੂੰ ਬਾਹਰ ਜਾਣ ਦੇ ਹੁਕਮ ਤੋਂ ਬਿਨਾਂ ਸਰੀਰਕ ਜਾਂ ਭਾਵਨਾਤਮਕ ਤੌਰ '  'ਤੇ ਨੁਕਸਾਨ ਪਹੁੰਚਾਇਆ ਜਾਵੇਗਾ?

- It depends on the details of your case. Generally, you show that the abuser has committed acts of domestic violence in the past and explain the risks if you and your children have to remain in the home with the abuser. Abuse can include physical violence, sexual assault, emotional abuse, financial control, or stalking.[5]
- ਇਹ ਤੁਹਾਡੇ ਕੇਸ ਦੇ ਵੇਰਵਿਆਂ 'ਤੇ ਨਿਰਭਰ ਕਰਦਾ ਹੈ। ਆਮ ਤੌਰ 'ਤੇ, ਤੁਸੀਂ ਦਿਖਾਉਂਦੇ ਹੋ ਕਿ ਦੁਰਵਿਵਹਾਰ ਕਰਨ ਵਾਲੇ ਨੇ ਅਤੀਤ ਵਿੱਚ ਘਰੇਲੂ ਹਿੰਸਾ ਦੇ ਕੰਮ ਕੀਤੇ ਹਨ ਅਤੇ ਜੇਕਰ ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਦੁਰਵਿਵਹਾਰ ਕਰਨ ਵਾਲੇ ਦੇ ਨਾਲ ਘਰ ਵਿੱਚ ਰਹਿਣਾ ਪੈਂਦਾ ਹੈ ਤਾਂ ਜੋਖਮਾਂ ਬਾਰੇ ਦੱਸੋ ਦੁਰਵਿਵਹਾਰ ਵਿੱਚ ਸਰੀਰਕ ਹਿੰਸਾ, ਜਿਨਸੀ ਹਮਲਾ, ਭਾਵਨਾਤਮਕ ਦੁਰਵਿਵਹਾਰ, ਵਿੱਤੀ ਨਿਯੰਤਰਣ, ਜਾਂ ਪਿੱਛਾ ਕਰਨਾ ਸ਼ਾਮਲ ਹੋ ਸਕਦਾ ਹੈ।

- If there was abuse that happened in front of your children, or abuse that they could hear from another room, mention that to the judge and in your court papers.
- ਜੇਕਰ ਤੁਹਾਡੇ ਬੱਚਿਆਂ ਦੇ ਸਾਹਮਣੇ ਦੁਰਵਿਵਹਾਰ ਹੋਇਆ ਹੈ, ਜਾਂ ਦੁਰਵਿਵਹਾਰ ਜੋ ਉਹ ਕਿਸੇ ਹੋਰ ਕਮਰੇ ਵਿਚ ਸੁਣ ਸਕਦੇ ਹਨ, ਤਾਂ ਜੱਜ ਨੂੰ ਅਤੇ ਆਪਣੇ ਅਦਾਲਤੀ ਕਾਗਜ਼ਾਂ ਵਿੱਚ ਇਸਦਾ ਜ਼ਿਕਰ ਕਰੋ।

## Can I make a move-out request if I already moved out?

## ਕੀ ਮੈਂ ਮੂਵ-ਆਊਟ ਬੇਨਤੀ ਕਰ ਸਕਦਾ/ਸਕਦੀ ਹਾਂ ਜੇਕਰ ਮੈਂ ਪਹਿਲਾਂ ਹੀ ਬਾਹਰ ਚਲਾ/ਚਲੀ ਗਈ ਹਾਂ?

- Yes. If you moved out of the shared home to escape the abuse before seeking a TRO, you can still ask for a move-out order in order to move back in safely.[6]



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence
ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ

- ਹਾਂ। ਜੇਕਰ ਤੁਸੀਂ ਟੀ.ਆਰ.ਓ (ਨੂੰ) ਦੀ ਮੰਗ ਕਰਨ ਤੋਂ ਪਹਿਲਾਂ ਦੁਰਵਿਵਹਾਰ ਤੋਂ ਬਚਣ ਲਈ ਸਾਂਝੇ ਘਰ ਤੋਂ ਬਾਹਰ ਚਲੇ ਗਏ ਹੋ, ਤਾਂ ਵੀ ਤੁਸੀਂ ਸੁਰੱਖਿਅਤ ਢੰਗ ਨਾਲ ਵਾਪਸ ਜਾਣ ਲਈ ਮੂਵ-ਆਊਟ ਆਰਡਰ ਦੀ ਮੰਗ ਕਰ ਸਕਦੇ ਹੋ।

## Will my abuser know that I am requesting a temporary restraining order?

## ਕੀ ਮੇਰੇ ਦੁਰਵਿਵਹਾਰ ਕਰਨ ਵਾਲੇ ਨੂੰ ਪਤਾ ਲੱਗੇਗਾ ਕਿ ਮੈਂ ਇੱਕ ਅਸਥਾਈ ਰੋਕ ਦੇ ਆਦੇਸ਼ ਦੀ ਬੇਨਤੀ ਕਰ ਰਿਹਾ /ਰਹੀ ਹਾਂ?

- Not necessarily. Most TRO requests can be made without telling the abuser.
- ਜ਼ਰੂਰੀ ਨਹੀਂ। ਜ਼ਿਆਦਾਤਰ ਟੀ.ਆਰ.ਓ (ਨੂੰ) ਬੇਨਤੀਆਂ ਦੁਰਵਿਵਹਾਰ ਕਰਨ ਵਾਲੇ ਨੂੰ ਦੱਸੇ ਬਿਨਾਂ ਕੀਤੀਆਂ ਜਾ ਸਕਦੀਆਂ ਹਨ।

- But, once your TRO is granted, the abuser must be "served," which means they must be given a copy of your request for the restraining order and the court order. The abuser must be served before your hearing for a long-term restraining order. You cannot personally serve the abuser with a copy of the order, but you can ask the sheriff or another adult to serve them. [7] The person who serves the abuser with the court documents must also fill out form DV-200. Click here to access form DV-200 or use the URL in the footnote.[8]
- ਪਰ, ਇੱਕ ਵਾਰ ਤੁਹਾਡਾ ਟੀ.ਆਰ.ਓ (ਨੂੰ) ਮਨਜ਼ੂਰ ਹੋ ਜਾਣ ਤੋਂ ਬਾਅਦ, ਦੁਰਵਿਵਹਾਰ ਕਰਨ ਵਾਲੇ ਨੂੰ "ਸਰਵ" ਕੀਤਾ ਜਾਣਾ ਚਾਹੀਦਾ ਹੈ, ਜਿਸਦਾ ਮਤਲਬ ਹੈ ਕਿ ਉਹਨਾਂ ਨੂੰ ਰੋਕ ਲਗਾਉਣ ਦੇ ਆਦੇਸ਼ ਅਤੇ ਅਦਾਲਤ ਦੇ ਆਦੇਸ਼ ਲਈ ਤੁਹਾਡੀ ਬੇਨਤੀ ਦੀ ਇੱਕ ਕਾਪੀ ਦਿੱਤੀ ਜਾਣੀ ਚਾਹੀਦੀ ਹੈ। ਦੁਰਵਿਵਹਾਰ ਕਰਨ ਵਾਲੇ ਨੂੰ ਤੁਹਾਡੀ ਸੁਣਵਾਈ ਤੋਂ ਪਹਿਲਾਂ ਲੰਬੇ ਸਮੇਂ ਲਈ ਰੋਕ ਲਗਾਉਣ ਦੇ ਆਦੇਸ਼  ਪੇਸ਼/ ਸਰਵ ਕੀਤਾ ਜਾਣਾ ਚਾਹੀਦਾ ਹੈ। ਤੁਸੀਂ ਆਰਡਰ ਦੀ ਕਾਪੀ ਦੁਰਵਿਵਹਾਰ ਕਰਨ ਵਾਲੇ ਨੂੰ ਨਿੱਜੀ ਤੌਰ 'ਤੇ ਸਰਵ ਨਹੀਂ ਕਰ ਸਕਦੇ ਹੋ, ਪਰ ਤੁਸੀਂ ਸ਼ੈਰਿਫ ਜਾਂ ਕਿਸੇ ਹੋਰ ਬਾਲਗ ਨੂੰ ਉਹਨਾਂ ਨੂੰ ਸਰਵ ਕਰਨ ਲਈ ਕਹਿ ਸਕਦੇ ਹੋ। ਅਦਾਲਤੀ ਦਸਤਾਵੇਜ਼ਾਂ ਨੂੰ ਦੁਰਵਿਵਹਾਰ ਕਰਨ ਵਾਲੇ ਨੂੰ ਸਰਵ ਕਰਨ ਵਾਲੇ ਵਿਅਕਤੀ ਨੂੰ ਫਾਰਮ ਡੀ.ਵੀ-200 ਵੀ ਭਰਨਾ ਚਾਹੀਦਾ ਹੈ। ਫਾਰਮ ਡੀ.ਵੀ-200 ਲੈਣ ਲਈ ਇੱਥੇ ਕਲਿੱਕ ਕਰੋ ਜਾਂ ਫੁਟਨੋਟ ਵਿੱਚ ਲ ("ਯੂ ਆਰ ਐਲ") ਦੀ ਵਰਤੋਂ ਕਰੋ



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence

ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ

## I have a move-out order, so how do I make the abuser move out?

## ਮੇਰੇ ਕੋਲ ਮੂਵ-ਆਊਟ ਆਰਡਰ ਹੈ, ਤਾਂ ਮੈਂ ਦੁਰਵਿਵਹਾਰ ਕਰਨ ਵਾਲੇ ਨੂੰ ਬਾਹਰ ਕਿਵੇਂ ਕੱਢਾਂ?

- The police and sheriff can enforce an order once the abuser receives a copy of the restraining order.
- ਇੱਕ ਵਾਰ ਦੁਰਵਿਵਹਾਰ ਕਰਨ ਵਾਲੇ ਨੂੰ ਰੋਕ ਲਗਾਉਣ ਦੇ ਆਦੇਸ਼ ਦੀ ਇੱਕ ਕਾਪੀ ਪ੍ਰਾਪਤ ਹੋਣ 'ਤੇ ਪੁਲਿਸ ਅਤੇ ਸ਼ੈਰਿਫ਼ ਇੱਕ ਆਦੇਸ਼ ਲਾਗੂ ਕਰ ਸਕਦੇ ਹਨ।

- If the sheriff serves the order to the abuser at the shared home, the sheriff should tell the abuser that they have to move out immediately.
- ਜੇਕਰ ਸ਼ੈਰਿਫ ਦੁਰਵਿਵਹਾਰ ਕਰਨ ਵਾਲੇ ਨੂੰ ਸਾਂਝੇ ਘਰ ਵਿੱਚ ਆਰਡਰ ਦਿੰਦਾ ਹੈ, ਤਾਂ ਸ਼ੈਰਿਫ ਨੂੰ ਦੁਰਵਿਵਹਾਰ ਕਰਨ ਵਾਲੇ ਨੂੰ ਦੱਸਣਾ ਚਾਹੀਦਾ ਹੈ ਕਿ ਉਸਨੂੰ ਤੁਰੰਤ ਬਾਹਰ ਜਾਣਾ ਪਵੇਗਾ।

- You can make your landlord change the locks by giving your landlord a written request to change the locks with a copy of the restraining order with a move-out order.[9] If your landlord does not change the locks within 24 hours of receiving your request and the copy of the restraining order with a move-out order, you can change the locks yourself. If you change the locks yourself, you or a professional must install a lock of the same or better quality and give the landlord a copy of the key.[10]

- ਤੁਸੀਂ ਆਪਣੇ ਮਕਾਨ ਮਾਲਿਕ ਨੂੰ ਮੂਵ-ਆਊਟ ਆਰਡਰ ਦੇ ਨਾਲ ਰੋਕ ਲਗਾਉਣ ਦੇ ਆਦੇਸ਼ ਦੀ ਕਾਪੀ ਦੇ ਨਾਲ ਤਾਲੇ ਬਦਲਣ ਦੀ ਲਿਖਤੀ ਬੇਨਤੀ ਦੇ ਕੇ ਆਪਣੇ ਮਕਾਨ ਮਾਲਿਕ ਨੂੰ ਤਾਲੇ ਬਦਲਣ ਲਈ ਕਹਿ ਸਕਦੇ ਹੋ। ਜੇਕਰ ਤੁਹਾਡਾ ਮਕਾਨ-ਮਾਲਕ ਤੁਹਾਡੀ ਬੇਨਤੀ ਪ੍ਰਾਪਤ ਕਰਨ ਦੇ 24 ਘੰਟਿਆਂ ਦੇ ਅੰਦਰ-ਅੰਦਰ ਤਾਲੇ ਨਹੀਂ ਬਦਲਦਾ ਹੈ ਅਤੇ ਮੂਵ-ਆਊਟ ਆਰਡਰ ਦੇ ਨਾਲ ਰੋਕ ਲਗਾਉਣ ਦੇ ਆਦੇਸ਼ ਦੀ ਕਾਪੀ ਉਸ ਕੋਲ ਹੈ, ਤਾਂ ਤੁਸੀਂ ਆਪਣੇ ਆਪ ਤਾਲੇ ਬਦਲ ਸਕਦੇ ਹੋ। ਜੇ ਤੁਸੀਂ ਆਪਣੇ ਆਪ ਤਾਲੇ ਬਦਲਦੇ ਹੋ, ਤਾਂ

---



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence

ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ

ਤੁਹਾਨੂੰ ਜਾਂ ਕਿਸੇ ਪੇਸ਼ੇਵਰ ਨੂੰ ਉਸੇ ਜਾਂ ਬਿਹਤਰ ਗੁਣਵੱਤਾ ਦਾ ਤਾਲਾ ਲਗਾਉਣਾ ਚਾਹੀਦਾ ਹੈ ਅਤੇ ਮਕਾਨ ਮਾਲਕ ਨੂੰ ਚਾਬੀ ਦੀ ਇੱਕ ਕਾਪੀ ਦੇਣੀ ਚਾਹੀਦੀ ਹੈ।

## Can I get a move-out order if the court denies my TRO request, or denies the part of it asking for a move-out order?

## ਕੀ ਮੈਨੂੰ ਮੂਵ-ਆਊਟ ਆਰਡਰ ਮਿਲ ਸਕਦਾ ਹੈ ਜੇਕਰ ਅਦਾਲਤ ਮੇਰੀ ਟੀ.ਆਰ.ਓ (ਨੂੰ) ਬੇਨਤੀ ਨੂੰ ਅਸਵੀਕਾਰ ਕਰਦੀ ਹੈ, ਜਾਂ ਮੂਵ-ਆਊਟ ਆਰਡਰ ਦੀ ਮੰਗ ਕਰਨ ਵਾਲੇ ਹਿੱਸੇ ਨੂੰ ਇਨਕਾਰ ਕਰਦੀ ਹੈ?

- Yes. If the court denies the TRO or any of the requests in the TRO, the court must still schedule a hearing to grant or deny a long-term restraining order, including the requested move-out order.
- ਹਾਂ। ਜੇਕਰ ਅਦਾਲਤ ਟੀ.ਆਰ.ਓ (ਨੂੰ) ਵਿੱਚ ਕਿਸੇ ਵੀ ਬੇਨਤੀ ਨੂੰ ਅਸਵੀਕਾਰ ਕਰਦੀ ਹੈ, ਤਾਂ ਅਦਾਲਤ ਨੂੰ ਬੇਨਤੀ ਕੀਤੇ ਮੂਵ-ਆਊਟ ਆਰਡਰ ਸਮੇਤ, ਲੰਬੇ ਸਮੇਂ ਲਈ ਰੋਕ ਲਗਾਉਣ ਦੇ ਆਦੇਸ਼ ਨੂੰ ਮਨਜ਼ੂਰੀ ਦੇਣ ਜਾਂ ਅਸਵੀਕਾਰ ਕਰਨ ਲਈ ਸੁਣਵਾਈ ਨੂੰ ਨਿਯਤ ਕਰਨਾ ਚਾਹੀਦਾ ਹੈ।

## What happens at the court hearing for a long-term restraining order?

## ਲੰਬੇ ਸਮੇਂ ਲਈ ਰੋਕ ਲਗਾਉਣ ਦੇ ਆਦੇਸ਼ ਲਈ ਅਦਾਲਤ ਦੀ ਸੁਣਵਾਈ ਵਿੱਚ ਕੀ ਹੁੰਦਾ ਹੈ?

- The abuser has a right to respond to the request for a restraining order, present evidence, and ask the court to deny the restraining order.[11]
- ਦੁਰਵਿਵਹਾਰ ਕਰਨ ਵਾਲੇ ਨੂੰ ਰੋਕ ਲਗਾਉਣ ਦੇ ਆਦੇਸ਼ ਦੀ ਬੇਨਤੀ ਦਾ ਜਵਾਬ ਦੇਣ, ਸਬੂਤ ਪੇਸ਼ ਕਰਨ, ਅਤੇ ਅਦਾਲਤ ਨੂੰ ਰੋਕ ਲਗਾਉਣ ਦੇ ਆਦੇਸ਼ ਤੋਂ ਇਨਕਾਰ ਕਰਨ ਲਈ ਕਹਿਣ ਦਾ ਅਧਿਕਾਰ ਹੈ।

- At the court hearing, in order to be granted a move-out order, you need to prove three things to the judge:
- ਅਦਾਲਤ ਦੀ ਸੁਣਵਾਈ 'ਤੇ, ਮੂਵ-ਆਊਟ ਆਰਡਰ ਲੇਣ ਲਈ, ਤੁਹਾਨੂੰ ਜੱਜ ਨੂੰ ਤਿੰਨ ਗੱਲਾਂ ਸਾਬਤ ਕਰਨ ਦੀ ਲੋੜ ਹੁੰਦੀ ਹੈ:

   (1) you have a "right under color of the law" to use the home (explained above);



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence

ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ

(1) ਤੁਹਾਡੇ ਕੋਲ ਘਰ ਦੀ ਵਰਤੋਂ ਕਰਨ ਦਾ "ਕਾਨੂੰਨ ਦੇ ਰੰਗ ਦੇ ਅਧੀਨ" ਅਧਿਕਾਰ ਹੈ (ਉੱਪਰ ਦੱਸਿਆ ਗਿਆ ਹੈ);

(2) the abuser has assaulted or threatened to assault you, your child, or dependent adult; and

(2) ਦੁਰਵਿਵਹਾਰ ਕਰਨ ਵਾਲੇ ਨੇ ਤੁਹਾਡੇ, ਤੁਹਾਡੇ ਬੱਚੇ, ਜਾਂ ਨਿਰਭਰ ਬਾਲਗ 'ਤੇ ਹਮਲਾ ਕੀਤਾ ਹੈ ਜਾਂ ਹਮਲਾ ਕਰਨ ਦੀ ਧਮਕੀ ਦਿੱਤੀ ਹੈ; ਅਤੇ

(3) you, your child, or a dependent adult will be physically or emotionally harmed if the abuser continues to live in the home (explained above).[12]

(3) ਤੁਹਾਨੂੰ, ਤੁਹਾਡੇ ਬੱਚੇ, ਜਾਂ ਨਿਰਭਰ ਬਾਲਗ ਨੂੰ ਸਰੀਰਕ ਜਾਂ ਭਾਵਨਾਤਮਕ ਤੌਰ 'ਤੇ ਨੁਕਸਾਨ ਪਹੁੰਚਾਇਆ ਜਾਵੇਗਾ ਜੇਕਰ ਦੁਰਵਿਵਹਾਰ ਕਰਨ ਵਾਲਾ ਘਰ ਵਿੱਚ ਰਹਿੰਦਾ ਹੈ (ਉੱਪਰ ਦੱਸਿਆ ਗਿਆ ਹੈ)।

## How long will a move-out order keep the abuser out of the residence?

## ਇੱਕ ਮੂਵ-ਆਊਟ ਆਰਡਰ ਦੁਰਵਿਵਹਾਰ ਕਰਨ ਵਾਲੇ ਨੂੰ ਰਿਹਾਇਸ਼ ਤੋਂ ਕਿੰਨਾ ਚਿਰ ਬਾਹਰ ਰੱਖੇਗਾ?

- The move-out order lasts as long as the TRO or long-term restraining order unless the order says differently.[13]
- ਮੂਵ-ਆਊਟ ਆਰਡਰ ਟੀ.ਆਰ.ਓ. ਜਾਂ ਲੰਬੇ ਸਮੇਂ ਲਈ ਰੋਕ ਲਗਾਉਣ ਦੇ ਆਦੇਸ਼ ਦੇ ਤੌਰ 'ਤੇ ਲੰਬੇ ਸਮੇਂ ਤੱਕ ਚੱਲਦਾ ਹੈ ਜਦੋਂ ਤੱਕ ਕਿ ਆਰਡਰ/ ਆਦੇਸ਼ ਬਦਲਦਾ ਨਹੀਂ ਹੈ।
- A TRO lasts until the hearing for the long-term restraining order takes place. Generally, the court will schedule the hearing for the long-term restraining order within 21 days of the date of the temporary restraining order.[14]
- ਇੱਕ ਟੀ.ਆਰ.ਓ (ਨੂੰ) ਉਦੋਂ ਤੱਕ ਰਹਿੰਦਾ ਹੈ ਜਦੋਂ ਤੱਕ ਲੰਬੇ ਸਮੇਂ ਲਈ ਰੋਕ ਲਗਾਉਣ ਦੇ ਆਦੇਸ਼ ਦੀ ਸੁਣਵਾਈ ਨਹੀਂ ਹੋ ਜਾਂਦੀ। ਆਮ ਤੌਰ 'ਤੇ, ਅਦਾਲਤ ਆਰਜ਼ੀ ਰੋਕ ਦੇ ਆਦੇਸ਼ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ ਲੰਬੇ ਸਮੇਂ ਲਈ ਰੋਕ ਲਗਾਉਣ ਦੇ ਆਦੇਸ਼ ਲਈ ਸੁਣਵਾਈ ਨੂੰ ਤਹਿ ਕਰਦੀ ਹੈ।



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence
ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ

- An initial long-term restraining order may last up to 5 years.[15]
- ਇੱਕ ਸ਼ੁਰੂਆਤੀ ਲੰਬੇ ਸਮੇਂ ਲਈ ਰੋਕ ਲਗਾਉਣ ਦਾ ਆਦੇਸ਼ 5 ਸਾਲਾਂ ਤੱਕ ਰਹਿ ਸਕਦਾ ਹੈ।

## Can the court make the abuser pay the rent or mortgage?

## ਕੀ ਅਦਾਲਤ ਦੁਰਵਿਵਹਾਰ ਕਰਨ ਵਾਲੇ ਨੂੰ ਕਿਰਾਏ ਜਾਂ ਮੌਰਗੇਜ (ਗਿਰਵੀਨਾਮੇ) ਦਾ ਭੁਗਤਾਨ ਕਰਨ ਲਈ ਮਜਬੂਰ ਕਰ ਸਕਦੀ ਹੈ?

- Yes, you can ask the court to order the abuser to pay the rent or mortgage, even if the abuser is also ordered to move out of the shared home.[16]
- ਹਾਂ, ਤੁਸੀਂ ਅਦਾਲਤ ਨੂੰ ਦੁਰਵਿਵਹਾਰ ਕਰਨ ਵਾਲੇ ਨੂੰ ਕਿਰਾਏ ਜਾਂ ਮੌਰਗੇਜ ਦਾ ਭੁਗਤਾਨ ਕਰਨ ਦਾ ਹੁਕਮ ਦੇਣ ਲਈ ਕਹਿ ਸਕਦੇ ਹੋ, ਭਾਵੇਂ ਦੁਰਵਿਵਹਾਰ ਕਰਨ ਵਾਲੇ ਨੂੰ ਸਾਂਝੇ ਘਰ ਤੋਂ ਬਾਹਰ ਜਾਣ ਦਾ ਹੁਕਮ ਵੀ ਦਿੱਤਾ ਗਿਆ ਹੋਵੇ।

- To ask the court to order the abuser pay the rent or mortgage make sure you complete Item 22 "Pay Debts (Bills) Owed for Property" on the DV-100 form (see image below). You can access a fillable form DV-100 here or by using the URL in the footnotes.[17]

  - ਅਦਾਲਤ ਨੂੰ ਦੁਰਵਿਵਹਾਰ ਕਰਨ ਵਾਲੇ ਨੂੰ ਕਿਰਾਏ ਜਾਂ ਮੌਰਗੇਜ ਦਾ ਭੁਗਤਾਨ ਕਰਨ ਦਾ ਆਦੇਸ਼ ਦੇਣ ਲਈ ਇਹ ਖਿਯਾਲ ਰਹੇ ਕਿ ਤੁਸੀਂ ਡੀ.ਵੀ-100 ਫਾਰਮ 'ਤੇ ਆਈਟਮ 22 "ਸੰਪੱਤੀ ਲਈ ਬਕਾਇਆ ਕਰਜ਼ੇ (ਬਿਲਾਂ) ਦਾ ਭੁਗਤਾਨ ਕਰੋ" ਨੂੰ ਪੂਰਾ ਕੀਤਾ ਹੈ (ਹੇਠਾਂ ਚਿੱਤਰ ਦੇਖੋ)। ਤੁਸੀਂ ਇੱਥੇ ਜਾਂ ਫੁਟਨੋਟ ਵਿੱਚ ਯੂ.ਆਰ.ਐਲ ("ਯੂ ਆਰ ਐਲ") ਦੀ ਵਰਤੋਂ ਕਰਕੇ ਇੱਕ ਭਰਨ ਯੋਗ ਫਾਰਮ ਡੀ.ਵੀ-100 ਲੈ ਸਕਦੇ ਹੋ।



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence

ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ

**(22)** ☐ **Pay Debts (Bills) Owed for Property**

(If you want the person in (2) to pay any debts owed for property, list them and explain why. The amount can be for the entire bill or only a portion. Some examples include rent, mortgage, car payment, etc.)

a. I ask the judge to order the person in (2) to make these payments while the restraining order is in effect:

(1) Pay to: ________ For: ________ Amount: $ ________ Due date: ________

(2) Pay to: ________ For: ________ Amount: $ ________ Due date: ________

(3) Pay to: ________ For: ________ Amount: $ ________ Due date: ________

Explain why you want the person in (2) to pay the debts listed above:

**When completing Item 22, make sure to include:**

**ਆਈਟਮ 22 ਨੂੰ ਪੂਰਾ ਕਰਦੇ ਸਮੇਂ, ਇਹ ਜ਼ਰੂਰ ਸ਼ਾਮਲ ਕਰਨਾ :**

(1) who the debt is owed to,

(1) ਕਿਸ ਦਾ ਕਰਜ਼ਾ ਹੈ,

(2) what the debt is for (such as for the rent or mortgage),

(2) ਕਰਜ਼ਾ ਕਿਸ ਲਈ ਹੈ (ਜਿਵੇਂ ਕਿ ਕਿਰਾਏ ਜਾਂ ਮੌਰਗੇਜ ਲਈ),

(3) the amount and the due date of each payment, and

(3) ਹਰੇਕ ਭੁਗਤਾਨ ਦੀ ਰਕਮ ਅਤੇ ਨਿਯਤ ਮਿਤੀ, ਅਤੇ

(4) why it is urgent that the abuser pays this debt.

(4) ਇਹ ਕਿਉਂ ਜ਼ਰੂਰੀ ਹੈ ਕਿ ਦੁਰਵਿਵਹਾਰ ਕਰਨ ਵਾਲਾ ਇਸ ਕਰਜ਼ੇ ਦਾ ਭੁਗਤਾਨ ਕਰੇ।

For example, if the abuser is the only source of income in the household, explain that you will be evicted if the rent is not paid.

ਉਦਾਹਰਨ ਲਈ, ਜੇਕਰ ਦੁਰਵਿਵਹਾਰ ਕਰਨ ਵਾਲਾ ਪਰਿਵਾਰ ਵਿੱਚ ਆਮਦਨ ਦਾ ਇੱਕੋ ਇੱਕ ਸਰੋਤ ਹੈ, ਤਾਂ ਸਮਝਾਓ ਕਿ ਜੇਕਰ ਕਿਰਾਏ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ ਤਾਂ ਤੁਹਾਨੂੰ ਘਰ ਤੋਂ ਬੇਦਖਲ ਕਰ ਦਿੱਤਾ ਜਾਵੇਗਾ।



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence

ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ

- At the hearing for the long-term restraining order, explain to the court why the abuser should pay the rent or mortgage.
- ਲੰਬੇ ਸਮੇਂ ਲਈ ਰੋਕ ਲਗਾਉਣ ਦੇ ਆਦੇਸ਼ ਦੀ ਸੁਣਵਾਈ 'ਤੇ, ਅਦਾਲਤ ਨੂੰ ਦੱਸੋ ਕਿ ਦੁਰਵਿਵਹਾਰ ਕਰਨ ਵਾਲੇ ਨੂੰ ਕਿਰਾਇਆ ਜਾਂ ਗਿਰਵੀਨਾਮਾ ਕਿਉਂ ਦੇਣਾ ਚਾਹੀਦਾ ਹੈ

**How do I get more help?** Contact FVAP at info@fvaplaw.org or call our helpline, (510) 380-6243.

**ਮੈਂ ਹੋਰ ਮਦਦ ਕਿਵੇਂ ਪ੍ਰਾਪਤ ਕਰਾਂ?** ਢੜਅਫ ਨਾਲ info@fvaplaw.org ਤੇ ਸੰਪਰਕ ਕਰੋ ਜਾਂ ਸਾਡੀ ਹੈਲਪਲਾਈਨ, (510) 380-6243 'ਤੇ ਕਾਲ ਕਰੋ।



This tip sheet is not providing legal advice and should not replace the advice of an attorney. This resource uses only California law that was in effect at the time it was last updated. Last updated on 2/24/2021. Copyright © Family Violence

ਇਹ ਟਿਪ ਸ਼ੀਟ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਰਹੀ ਹੈ ਅਤੇ ਕਿਸੇ ਅਟਾਰਨੀ ਦੀ ਸਲਾਹ ਨੂੰ ਨਹੀਂ ਬਦਲਣਾ ਚਾਹੀਦਾ ਹੈ। ਇਹ ਸਰੋਤ ਸਿਰਫ਼ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ ਜੋ ਆਖਰੀ ਵਾਰ ਅੱਪਡੇਟ ਕੀਤੇ ਜਾਣ ਦੇ ਸਮੇਂ ਲਾਗੂ ਸੀ। ਆਖਰੀ ਵਾਰ 24/2/2021 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ